ਅਕਾਲ ਸਹਾਏ

# Sikh Temple Sacramento

ਅਕਾਲ ਸਹਾਏ

2301 EVERGREEN AVENUE
WEST SACRAMENTO, CA 95691
916. 371. 9787

MAILING ADDRESS
P. O. BOX 851
Sacramento, CA. U. S. A.
95691 - 0851

## January – February 2018

Guru Pyari Sadh Sangat Ji,

It is hereby informed that the Gurdwara Sahib Sikh Temple Sacramento will be celebrating the Parkash Purab of Sri Guru Gobind Singh Sahib Ji on January 5, 6 & 7, 2018 (Friday, Saturday and Sunday) and Akhand Path, Kirtan, Langar Parshad Sewa will be performed by S. Jatinderpal Singh & family. The Shaheedi Diwas of all Sikh martyrs, especially the martyrs of Nankana Sahib on February 23, 24 & 25, 2018 (Friday, Saturday, and Sunday). Kirtan, Langar Sewa and Akhand Path Sewa on Shaheedi Diwas will be performed by sewak families. All Sangat are cordially invited to participate.

The Guru Granth Sahib says:-

> O my beautiful eyed soul, the Gurbani speaks. Those who have listened to it and lived according with honesty, they have achieved the spiritual goal of being one with God and have achieved eternal bliss.
>
> [SGGS pg. 844]

Balbir S. Dhillon, President

## News & Views

1. Bhai Jaspal Singh Sarung, Bhai Sarbjit Singh, Bhai Harpreet Singh Lal and Bhai Harpreet Singh perform daily Asa Ki War 6:30AM – 7:30AM and Kirtan 6:30PM – 7:30PM. On Sunday their Kirtan time is 11:30AM – 1:10PM. Bhai Jaspal Singh performs Kirtan on Sunday morning from 10:30 – 10:55AM.
2. Every first Saturday of the month in the evening, there is a Sukhmani Sahib, Rehras & Kirtan program at Gurdwara Sahib from 5:00PM – 8:00PM. Kirtan, Langar Parshad Sewa is performed by S. Charanjit Singh & family for the wellness of entire humanity.
3. The Management Committee has arranged a cooking team including cooks, Sewadars for the convenience of the Sangat. Those who lack manpower or do not desire to incur the expenses of catering can take advantage of this resource. Those desirous of this sewa should talk to Giani Ranjeet Singh at the time of the program booking. This is a non-profit program with no additional expenses for the sewak family. Also, on weddings or other programs, you can go over the MENU with Giani Ranjeet Singh and decide what exactly you would like to serve at your special function(s). The cost will be very reasonable and the food quality will be exceptional.
4. Sangat members who do not have a program from Gurdwara Sahib, who would like to utilize the kitchen should contact Ranjeet Singh, Manager @ 916.868.7224 and also, donate a minimum of $125.00 towards the gas & electric expense.
5. Tables, chairs and cooking pots etc. can be taken out or brought back to Gurdwara Sahib between 9:00AM-12:00PM and 4:00PM-7:30PM.
6. The Management Committee meets on the last Sunday of every month at 8:30AM.
7. The internet address of the Sikh Temple is: www.sikhtemple.org
8. Important Days:-
   (i) Lohri- Jan. 13
   (ii) Sangrand - Magh– Jan. 14
   (iii) Jan. 31 Birthday Sri Guru Har Rai Sahib Ji
   (iv) Sangrand – Phagun – Feb. 12
   (v) Martyrs at Nankana Sahib – Feb. 21

ਅਕਾਲ ਸਹਾਇ

# Sikh Temple Sacramento

ਅਕਾਲ ਸਹਾਇ

2301 EVERGREEN AVENUE
WEST SACRAMENTO, CA 95691
916. 371. 9787

MAILING ADDRESS
P. O. BOX 851
Sacramento, CA. U. S. A.
95691 - 0851

**January – February, 2018**

ੴ ਸਤਿਗੁਰ ਪ੍ਰਸਾਦਿ ॥

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਜਨਵਰੀ 5, 6 & 7 ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ, ਅਤੇ ਐਤਵਾਰ ਨੂੰ ਮੰਨਾਇਆ ਜਾਵੇਗਾ। ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਸ਼ਾਮ ਨੂੰ 6:30-7:00 ਤਕ ਨਾਮ ਸਿਮਰਨ ਹੋਵੇਗਾ। ਅਖੰਡ ਪਾਠ, ਕੀਰਤਨ, ਲੰਗਰ ਪ੍ਰਸ਼ਾਦ ਦੀ ਸੇਵਾ ਸ੍ਰ. ਜਤਿੰਦਰਪਾਲ ਸਿੰਘ ਪ੍ਰਵਾਰ ਵਲੋਂ ਕੀਤੀ ਜਾ ਰਹੀ ਹੈ। ਪੰਥ ਦੇ ਸਮੂਹ ਸ਼ਹੀਦਾਂ, ਵਿਸ਼ੇਸ਼ ਕਰਕੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਪੁਰਬ ਵੀ 23,24, ਅਤੇ 25 ਫਰਵਰੀ, 2018 ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ, ਅਤੇ ਐਤਵਾਰ ਨੂੰ ਬੜੀ ਧੂੰਮ ਧਾਮ ਨਾਲ ਮੰਨਾਇਆ ਜਾਵੇਗਾ। ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਸ਼ਾਮ ਨੂੰ 6:30-7:00 ਤਕ ਨਾਮ ਸਿਮਰਨ ਹੋਵੇਗਾ। ਇਸ ਦੀ ਸੇਵਾ ਸੇਵਕ ਪਰਿਵਾਰਾਂ ਵਲੋਂ ਹੋਵੇਗੀ। ਇਨ੍ਹਾਂ ਉਪਰੋਕਤ ਸਮਾਗਮਾਂ ਵਿੱਚ ਬਾਹਰੋਂ ਵੀ ਗੁਣੀ ਗਿਆਨੀ, ਕੀਰਤਨੀਏ ਤੇ ਢਾਡੀ ਜਥੇ ਹਿੱਸਾ ਲੈ ਰਹੇ ਹਨ। ਆਪ ਜੀ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮੇਂ ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕਿਰਪਾ ਕਰਨੀ, ਅਸੀਂ ਧੰਨਵਾਦੀ ਹੋਵਾਂਗੇ।

**"ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥.
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥"**

(ਗੁ. ਗ. ਸ. ਪੰਨਾ 844)

ਅਰਥਾਤ: ਹੇ ਸੋਹਣੇ ਨੇਤਰਾਂ ਵਾਲੀ ਜੀਵ-ਇਸਤ੍ਰੀਏ, ਗੁਰਬਾਣੀ ਬੋਲ ਰਹੀ ਹੈ, ਤੂੰ ਸਾਵਧਾਨ ਹੋ ਕੇ ਸੁਣ। ਜਿਨਾਂ ਨੇ ਵੀ ਸ਼ਰਧਾ ਨਾਲ ਇਸ ਬਾਣੀ ਨੂੰ ਸੁਣਿਆ ਤੇ ਮੰਨਿਆ ਹੈ ਉਨ੍ਹਾਂ ਦੀ ਕਹਾਣੀ ਅਦੁੱਤੀ ਹੈ, ਉਹ ਉਚ ਪਦਵੀ ਨੂੰ ਪ੍ਰਾਪਤ ਹੋ ਗਏ ਹਨ, ਤੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਮਾਤਮਾ ਵਸਿਆ ਹੈ।

ਪ੍ਰਧਾਨ
ਬਲਬੀਰ ਸਿੰਘ ਢਿੱਲੋਂ

**ਜਰੂਰੀ ਸੁਚਨਾਵਾਂ:-**

1. ਹਰ ਇੱਕ ਮਹੀਨੇ ਦੇ ਪਹਿਲੇ ਸ਼ਨਿਚਰਵਾਰ ਨੂੰ ਸ਼ਾਮ ਨੂੰ 5:00 - 8:00 ਵਜੇ ਤੱਕ ਸੁਖਮਨੀ ਸਾਹਿਬ, ਰਹਿਰਾਸ ਅਤੇ ਕੀਰਤਨ ਤੇ ਲੰਗਰ ਦੀ ਸੇਵਾ ਸ. ਚਰਨਜੀਤ ਸਿੰਘ ਦੇ ਸਮੂਹ ਪ੍ਰਵਾਰ ਵਲੋਂ ਸੁਬੱਤ ਦੇ ਭਲੇ ਵਾਸਤੇ ਕਰਵਾਈ ਜਾਂਦੀ ਹੈ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਦਰਸ਼ਨ ਦੇਣ ਦੀ ਕਿਰਪਾ ਕਰਨੀ, ਅਸੀਂ ਧੰਨਵਾਦੀ ਹੋਵਾਂਗੇ।
2. ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੀ ਸਹੂਲਤ ਲਈ ਬਿਨਾਂ ਲਾਭ (Non-Profit) ਲੈਂਦਿਆਂ ਲੰਗਰ ਆਦਿ ਤਿਆਰ ਕਰਨ ਵਾਸਤੇ ਕੁੱਕ, ਸੇਵਾਦਾਰਾਂ ਤੇ ਰੋਟੀ ਪਕਾਉਣ ਦੀ ਟੀਮ ਦਾ ਪ੍ਰਬੰਧ ਕੀਤਾ ਗਿਆ ਹੈ। ਜਿਹੜੇ ਪਰਵਾਰਾਂ ਕੋਲ ਲੰਗਰ ਤਿਆਰ ਕਰਨ ਵਾਲਿਆਂ ਦੀ ਘਾਟ ਹੋਵੇ, ਉਹ ਇਸ ਤੋਂ ਲਾਭ ਲੈ ਸਕਦੇ ਹਨ। ਲੋੜ ਵੰਦ ਪਰਵਾਰ ਪ੍ਰੋਗਰਾਮ ਬੁਕ ਕਰਨ ਸਮੇ ਭਾਈ ਰਣਜੀਤ ਸਿੰਘ ਤੋਂ ਵਧੀਕ ਜਾਣਕਾਰੀ ਲੈ ਸਕਦੇ ਹਨ। ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਵਿਆਹ ਜਾਂ ਹੋਰ ਪ੍ਰੋਗਰਾਮਾਂ ਉਪਰ ਆਪ ਜੀ ਗਿ: ਰਣਜੀਤ ਸਿੰਘ ਹੁਣਾ ਨਾਲ ਵਿਚਾਰ ਕਰੋ, ਖਾਣੇ ਵਾਲੀ ਲਿਸਟ (Menu) ਦੇਖੋ, ਜੋ ਚੀਜ਼ ਆਪ ਨੂੰ ਪਸੰਦ ਹੋਵੇ, ਉਸ ਦਾ ਆਪ ਜੀ ਵਾਸਤੇ ਬਹੁਤ ਹੀ ਵਾਜ਼ਵ ਕੀਮਤ ਤੇ ਸਾਰਾ ਪ੍ਰਬੰਧ ਕੀਤਾ ਜਾਵੇਗਾ।
3. ਗੁਰਦਵਾਰਾ ਸਾਹਿਬ ਤੋਂ ਭਾਂਡੇ, ਮੇਜ਼, ਕੁਰਸੀਆਂ ਆਦਿ ਸਵੇਰੇ 9:00AM-12:00PM ਅਤੇ ਸ਼ਾਮ ਨੂੰ 4:00PM-7:30PM ਸਮੇ ਵਿਚ ਪ੍ਰਾਪਤ ਕਰੋ ਅਤੇ ਵਾਪਿਸ ਕਰਨ ਦੀ ਕ੍ਰਿਪਾਲਤਾ ਕਰੋ ਜੀ।
4. ਜਿਨ੍ਹਾਂ ਦੇ ਘਰ ਗੁਰਦਵਾਰਾ ਸਾਹਿਬ ਵਲੋਂ ਪ੍ਰੋਗ੍ਰਾਮ ਨਾ ਹੋਵੇ ਅਤੇ ਗੁਰੂ ਘਰ ਦੀ ਕਿਚਨ ਵਰਤਣਾ ਚਾਹੁੰਦੇ ਹਨ, ਉਹ ਪਹਿਲਾਂ ਹੈੱਡ ਗ੍ਰੰਥੀ ਸਾਹਿਬ ਜਾਂ ਮੈਨੇਜਰ ਰਣਜੀਤ ਸਿੰਘ ਨਾਲ 916.868.7224 ਸੰਪਰਕ ਕਰਨ ਅਤੇ ਘੱਟ ਤੋਂ ਘੱਟ $125.00 ਗੈਸ ਅਤੇ ਬਿਜਲੀ ਵਾਸਤੇ ਰਸੀਦ ਕਟਵਾਉਣ।
5. ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਸਵੇਰੇ 8:30 ਆਰੰਭ ਹੁੰਦੀ ਹੈ।
6. ਗੁਰਦਵਾਰਾ ਸਾਹਿਬ ਦੇ ਇੰਟਰਨੈਂਟ ਦਾ ਐਡਰੈਸ : **www.sikhtemple.org** ਹੈ।
7. ਜ਼ਰੂਰੀ ਪੁਰਬ:-

(I) ਲੋਹੜੀ 13 ਜਨਵਰੀ (II) ਸੰਗਰਾਂਦ ਮਾਘ 14 ਜਨਵਰੀ
(III) ਪ੍ਰਕਾਸ਼ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ 31 ਜਨਵਰੀ
(IV) ਸੰਗਰਾਂਦ ਫੱਗਣ 12 ਫਰਵਰੀ (V) ਸ਼ਹੀਦੀ ਸਾਕਾ ਨਨਕਾਣਾ ਸਾਹਿਬ 21 ਫਰਵਰੀ